# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ
3. ਸਮੂਹ ਪ੍ਰਾਇਮਰੀ ਸਕੂਲ ਮੁਖੀ(ਵੈੱਬਸਾਇਟ ਰਾਹੀਂ)

ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2010/37918
ਮਿਤੀ ਚੰਡੀਗੜ੍ਹ 20-05-10

**ਵਿਸ਼ਾ: ਗਰਮੀ ਦੀਆਂ ਛੁੱਟੀਆਂ ਹੋਣ ਤੋਂ ਪਹਿਲਾਂ ਬੱਚਿਆਂ ਨੂੰ ਦਿੱਤੇ ਜਾਣ ਵਾਲੇ ਘਰ ਦੇ ਕੰਮ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਵਿੱਚ ਅਧਿਆਪਕ ਇਸ ਤਰ੍ਹਾਂ ਦਾ ਘਰੋਂ ਕੰਮ ਕਰਨ ਲਈ ਦੇ ਦਿੰਦੇ ਹਨ ਜੋ ਕਿ ਕਈ ਵਾਰ ਬੱਚੇ ਦੁਆਰਾ ਆਪਣੇ ਆਪ ਕਰਨਾ ਸੰਭਵ ਨਹੀਂ ਹੁੰਦਾ ਜਾਂ ਫਿਰ ਇੰਨਾ ਜ਼ਿਆਦਾ ਕੰਮ ਦੇ ਦਿੱਤਾ ਜਾਂਦਾ ਹੈ ਕਿ ਬੱਚਾ ਉਸ ਕੰਮ ਨੂੰ ਰੁਚੀ ਅਨੁਸਾਰ ਨਹੀਂ ਕਰਦਾ।

3.0 ਸਮੂਹ ਸਕੂਲ ਮੁਖੀਆਂ ਨੂੰ ਇਹ ਲਿਖਿਆ ਜਾਂਦਾ ਹੈ ਕਿ ਬੱਚਿਆਂ ਨੂੰ ਦਿੱਤਾ ਜਾਣ ਵਾਲਾ ਜੂਨ ਮਹੀਨੇ ਲਈ ਛੁੱਟੀਆਂ ਦਾ ਕੰਮ ਇਸ ਤਰੀਕੇ ਨਾਲ ਦਿੱਤਾ ਜਾਵੇ ਜਿਸ ਨੂੰ ਬੱਚੇ ਆਸਾਨੀ ਨਾਲ ਕਰ ਵੀ ਸਕਣ ਅਤੇ ਦਿੱਤੇ ਗਏ ਕੰਮ ਨੂੰ ਬਾਅਦ ਵਿੱਚ ਹਰ ਹਾਲਤ ਵਿੱਚ ਜ਼ਰੂਰ ਚੈੱਕ ਕੀਤਾ ਜਾਵੇ।

4.0 ਹਰੇਕ ਪ੍ਰਾਇਮਰੀ ਸਕੂਲ ਅੰਦਰ ਰੀਡਿੰਗ ਸੈੱਲ ਸਥਾਪਤ ਕੀਤਾ ਹੋਇਆ ਹੈ। ਜਿਸ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਪੜ੍ਹਨ ਲਈ ਕਿਤਾਬਾਂ ਅਤੇ ਮੈਗਜ਼ੀਨ ਵਿਭਾਗ ਵੱਲੋਂ ਸਮੇਂ-ਸਮੇਂ ਸਿਰ ਸਕੂਲਾਂ ਨੂੰ ਭੇਜੇ ਜਾਂਦੇ ਹਨ। ਪਰ ਰੀਡਿੰਗ ਸੈੱਲ ਦੀ ਮਹੱਤਤਾ ਅਤੇ ਕਿਤਾਬਾਂ ਦੀ ਪੜ੍ਹਨ ਦੀ ਬੱਚਿਆਂ ਅੰਦਰ ਰੌਚਿਕਤਾ ਪੈਦਾ ਕਰਨ

ਲਈ ਇਹ ਗਰਮੀ ਦੀਆਂ ਛੁੱਟੀਆਂ ਦਾ ਸਮਾਂ ਸਭ ਤੋਂ ਬਿਹਤਰ ਹੋਵੇਗਾ ਜੇਕਰ ਅਸੀਂ

| **ਲੜੀ ਨੰ.** | **ਕਿਤਾਬ ਦਾ ਨਾਂ** | **ਕਿਸ ਜਮਾਤ ਨੂੰ ਜਾਰੀ ਕੀਤੀਆਂ ਹਨ** | **ਵਿਸ਼ੇਸ਼ ਕਥਨ** |
|---|---|---|---|

ਇਸ ਦਾ ਯੋਗ ਫਾਇਦਾ ਉਠਾ ਲਈਏ। ਸੋ ਰੀਡਿੰਗ ਸੈੱਲ ਅੰਦਰ ਭੇਜੀਆਂ ਗਈਆਂ ਵਿਭਾਗ ਵੱਲੋਂ ਸਾਰੀਆਂ ਕਿਤਾਬਾਂ ਨੂੰ ਬੱਚਿਆਂ ਨੂੰ ਕਿਤਾਬਾਂ ਜਾਰੀ ਕਰਨ ਵਾਲੇ ਰਜਿਸਟਰ ਤੇ ਬੱਚਿਆਂ ਦੇ ਨਾਂ ਅਤੇ ਜਮਾਤ ਅਨੁਸਾਰ ਛੁੱਟੀਆਂ ਤੋਂ ਪਹਿਲਾਂ ਜਾਰੀ ਕਰ ਦਿੱਤੀਆਂ ਜਾਣ।

**ਚੱਲਦਾ ਪੰਨਾ ਨੰ. 02**

| | | | |
|---|---|---|---|
| 1. | ਵਰਖਾ ਲੜੀ ਦੀਆਂ 40 ਕਿਤਾਬਾਂ | ਪਹਿਲੀ, ਦੂਸਰੀ ਅਤੇ ਤੀਸਰੀ ਜਮਾਤ ਲਈ | |
| 2. | ਲੰਬੂ ਪਾਖ਼ਰ, ਨਿੱਕਾ ਭੋਲੂ, ਬੋਬੀ ਤੇ ਉਹਦੇ ਜਾਦੂ ਰੰਗ, ਇਕ ਸੀ ਮਗਰਮੱਛਣੀ, ਅਨੋਖੀ ਘੜੀ,ਕੱਛੂ ਦਾ ਵਿਆਹ | ਜਮਾਤ ਤੀਸਰੀ ਲਈ | |
| 3. | ਫਲਾਂ ਦੀ ਟੋਕਰੀ, ਗਾਲੜ੍ਹਾਂ ਦੀ ਸੈਰ, ਮਲੰਗ ਪਤੰਗ, ਚੂਚੇ ਦੀ ਸੈਰ, ਚਿੜੀਆ ਘਰ ਦਾ ਨਾਈ, ਲੰਡੋਰਾ ਬਾਂਦਰ, ਆਨੰਦੀ ਦੀ ਸਤਰੰਗੀ ਪੀਂਘ, ਤੱਪਸਿਆ, ਮੇਰੀ ਭੈਣ ਨੇਹਾ, ਚੰਚਲ ਬਾਲੜੀ ਮਾਮੂ, ਰੰਗ ਬਰੰਗੀ ਮੁਰਗੀ, ਗੋਪੀ ਨੇ ਪੀਂਘ ਝੂਟੀ, ਚੁਨ ਮੁਨ ਅਜਾਦ ਹੈ, ਇੱਕ ਰਾਤ ਜੰਗਲ ਵਿੱਚ, ਦਰੱਖਤਾਂ ਦੇ ਸਾਨੂੰ ਕੀ ਲਾਭ ਹਨ, ਬਿਰਜੂ ਦੀ ਮੁਸੀਬਤ ,ਲਾਲ ਪਤੰਗ ਅਤੇ ਲਾਲੂ, ਭੂਤ ਆਇਆ,ਨੰਨੀ ਗੁਆਚ ਗਈ, ਅਜਿਹਾ ਕਿਉਂ, ਬੋਹੜ ਦਾ ਦਰੱਖਤ, ਖਿਡੋਣੀਆਂ ਵਾਲੀ ਚਾਚੀ, ਸੂਰਜ ਅਤੇ ਚੰਦਰਮਾਂ, ਪੱਕੀ ਦੋਸਤੀ, ਮਾਂ ਦੇ ਬਰਾਬਰ ਹੋਰ ਕੌਣ, ਪਹੀਏ ਦੀ ਕਹਾਣੀ, ਅਨੋਖਾ ਰਿਸ਼ਤਾ, ਮੇਰਾ ਜੀਵਨ ਇੱਕ ਤਿਤਲੀ ਦੀ ਕਹਾਣੀ, ਅਨੋਖਾ ਸਾਹਸ, ਨੌ ਨੰਨੇ ਪੰਛੀ, ਸ਼ੇਰ ਅਤੇ ਕੰਡੇਰਨੇ, ਦਾਦੀ ਉਣਦੀ ਹੈ, ਪੰਚਤੰਤਰ ਵਿਚੋਂ ਤਿੰਨ ਕਹਾਣੀਆਂ, ਕਿਸੇ ਨੂੰ ਡੰਗਣਾ ਨਹੀਂ, ਫੂੰਕਾਰਾਂ ਛੱਡਣਾ ਨਹੀਂ, ਖੁਸ਼ੀ ਭਰਿਆ ਦਿਨ ਐਤਵਾਰ, ਲਾਲਚ ਬੁਰੀ ਬਲਾ ਹੈ, ਠੱਗਾਂ ਦੇ ਹੱਥਕੰਡੇ, ਵੱਡੇ ਨਾਂ ਦੀ ਵੱਡੀ ਮਹਿਮਾਂ, ਦੋਸਤੀ ਦੀ ਪ੍ਰਾਪਤੀ | ਜਮਾਤ ਚੌਥੀ ਅਤੇ ਪੰਜਵੀਂ | |
| 4. | ਮੈਗਜ਼ੀਨ ਆਲ੍ਹੇ-ਭੋਲ੍ਹੇ, ਪ੍ਰੀਤਲੜੀ, ਨਿੱਕੀਆਂ ਕਰੂੰਬਲਾਂ, ਪ੍ਰਾਇਮਰੀ ਸਿੱਖਿਆ | ਜਮਾਤ ਤੀਸਰੀ, ਚੌਥੀ ਅਤੇ ਪੰਜਵੀਂ ਲਈ | |

5.0 ਬੱਚਿਆਂ ਨੂੰ ਛੁੱਟੀਆਂ ਸਮੇਂ ਦੌਰਾਨ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਵੇ ਕਿ ਉਹ ਇਕ ਦੂਸਰੇ ਤੋਂ ਕਿਤਾਬਾਂ ਲੈ ਕੇ ਪੜ੍ਹਨ ਅਤੇ ਚੰਗੀਆਂ ਕਵਿਤਾਵਾਂ, ਕਹਾਣੀਆਂ ਆਦਿ ਨੂੰ ਆਪਣੀ ਪੱਧਰ ਤੇ ਲਿਖ ਕੇ ਦੇਖਣ। ਇਸ ਤਰ੍ਹਾਂ ਦਾ ਪ੍ਰੋਜੈਕਟ ਬੱਚਿਆਂ ਨੂੰ ਦਿੱਤਾ ਜਾ ਸਕਦਾ ਹੈ। ਪਰ ਅਧਿਆਪਕਾਂ ਲਈ ਇਹ ਜ਼ਰੂਰੀ ਹੈ ਕਿ ਜਦ ਛੁੱਟੀਆਂ ਖ਼ਤਮ ਹੋਣਗੀਆਂ ਤਾਂ ਬੱਚਿਆਂ ਦੁਆਰਾ ਪੜ੍ਹੀਆਂ ਗਈਆਂ ਕਿਤਾਬਾਂ ਨੂੰ ਅਧਿਆਪਕ ਦੁਆਰਾ ਜ਼ਰੂਰ ਮੁਨੀਟਰ ਕੀਤਾ ਜਾਵੇ ਅਤੇ ਇਸ ਗੱਲ ਲਈ ਜਿਸ ਬੱਚੇ ਨੇ ਸਭ ਤੋਂ ਜ਼ਿਆਦਾ ਕਿਤਾਬਾਂ ਪੜ੍ਹੀਆਂ ਜਾਂ ਕਹਾਣੀਆਂ, ਕਵਿਤਾਵਾਂ ਆਦਿ ਲਿਖੀਆਂ ਹੋਣ ਉਹਨਾਂ ਬੱਚਿਆਂ ਦੇ ਨਾਂ ਨੂੰ ਵਿਸ਼ੇਸ਼ ਤੌਰ ’ਤੇ ਸਵੇਰ ਦੀ ਸਭਾ ਵਿੱਚ ਜ਼ਰੂਰ ਜ਼ਿਕਰ ਕੀਤਾ ਜਾਵੇ। ਅਜਿਹੇ ਬੱਚਿਆਂ ਦਾ ਰਿਕਾਰਡ ਸਕੂਲ ਅੰਦਰ ਤਿਆਰ ਕਰਕੇ ਅਧਿਆਪਕ ਦੁਆਰਾ ਰੱਖਿਆ ਜਾਵੇ ।

6.0 ਨੈਤਿਕ ਕਦਰਾਂ-ਕੀਮਤਾਂ ਸਬੰਧੀ ਕੋਈ ਕਹਾਣੀ, ਕਵਿਤਾ ਘਰੋਂ ਲਿਖ ਕੇ ਲਿਆਉਣ ਲਈ ਵੀ ਬੱਚਿਆਂ ਨੂੰ ਕਿਹਾ ਜਾਵੇ।

7.0 ਬੱਚਿਆਂ ਨੂੰ ਸੁੰਦਰ ਲਿਖਾਈ ਲਿਖਣ, ਪਹਾੜੇ ਯਾਦ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/ 37919 ਮਿਤੀ 20-05-10

ਉਤਾਰਾ (1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**